# 73

# ਸਾਰੇ ... ਨਾਲ ਖ਼ੁਦਾ ਨੂੰ ਪਿਆਰ ਕਰ

## ਮਰਕੁਸ 12:29, 30, ਇਕ ਨੇੜ ਝਾਤ

ਸਾਡਾ ਇਹ ਅਧਿਐਨ ''ਸਭ ਤੋਂ ਵੱਡਾ ਹੁਕਮ'' ਬਾਰੇ ਹੈ।[1] ਤੁਸੀਂ ਪੁੱਛ ਸਕਦੇ ਹੋ, ਸਭ ਤੋਂ ਵੱਡਾ ਹੁਕਮ ਕੀ *ਹੈ?* ਇਕ ਵਾਰ ਇਕ ਗ੍ਰੰਥੀ ਨੇ ਯਿਸੂ ਕੋਲ ਆ ਕੇ ਉਸ ਤੋਂ ਇਹੀ ਸਵਾਲ ਪੁੱਛਿਆ ਸੀ। ਮਸੀਹ ਦਾ ਜਵਾਬ ਸੀ:

> ਹੇ ਇਸਰਾਏਲ, ਸੁਣ। ਪ੍ਰਭੂ ਸਾਡਾ ਪਰਮੇਸ਼ੁਰ ਇੱਕੋ ਪ੍ਰਭੂ ਹੈ। ਅਰ ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰ। ਦੂਆ ਇਹ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। ਇਨ੍ਹਾਂ ਤੋਂ ਵੱਡਾ ਕੋਈ ਹੁਕਮ ਨਹੀਂ ਹੈ (ਮਰਕੁਸ 12:29–31)।

ਇੱਥੇ ਤੁਹਾਨੂੰ ਮਿਲਦਾ ਹੈ ਕਿ ਸਭ ਤੋਂ ਵੱਡਾ ਹੁਕਮ ਖ਼ੁਦਾ ਨੇ ਕੀ ਦਿੱਤਾ ਹੈ। ਇਹ ਮੇਰਾ ਜਾਂ ਕਿਸੇ ਹੋਰ ਨਾਸ਼ਵਾਨ ਮਨੁੱਖ ਦਾ ਵਿਚਾਰ ਨਹੀਂ ਹੈ, ਇਹ ਤਾਂ ਖ਼ੁਦਾ ਦੇ ਪੁੱਤਰ ਦਾ ਨਿਰਵਿਵਾਦ ਕਥਨ ਹੈ।

ਇਕ ਪਲ ਲਈ, ਇਸ ਆਇਤ ਦੀਆਂ ਗੱਲਾਂ ਦੀ ਤੁਲਨਾ ਆਧੁਨਿਕ ਧਰਮ ਨਾਲ ਕਰੋ। ਕੁਝ ਲੋਕਾਂ ਲਈ, ਧਰਮ ਮਨ ਨੂੰ ਸ਼ਾਂਤ ਰੱਖਣ ਅਤੇ ਆਦਰ ਮਾਣ ਵਧਾਉਣ ਦੀ ਥਾਂ ਹੈ। ਕਈ ਕਈ ਥਾਂ ਤੇ ਤਾਂ ਕਲੀਸੀਆ ਦੀ ਮੈਂਬਰਸ਼ਿਪ ਬਹੁਤ ਜ਼ਿਆਦਾ ਹੈ, ਪਰ ਅਪਰਾਧ ਅਤੇ ਬਾਲ ਅਪਰਾਧ ਵੀ ਓਨਾਂ ਹੀ ਵੱਧ ਹੈ। ਉਨ੍ਹਾਂ ਥਾਵਾਂ ਵਿਚ, ਕਲੀਸੀਆ ਦੀ ਗਿਣਤੀ ਤਾਂ ਵਧ ਰਹੀ ਹੈ, ਪਰ ਇਸ ਦੇ ਨਾਲ ਹੀ ਇਖ਼ਲਾਕ ਅਤੇ ਸਦਾਚਾਰ ਵਿਚ ਵੀ ਗਿਰਾਵਟ ਆ ਰਹੀ ਹੈ। ਬਹੁਤ ਸਾਰੀਆਂ ਜ਼ਿੰਦਗੀਆਂ ਵਿਚ ਧਰਮ ਅਤੇ ਜੀਵਨ ਦਾ ਤਲਾਕ ਹੋ ਚੁੱਕਾ ਹੈ। ਕਈ ਲੋਕ ਸੱਜੇ ਹੱਥ ਨਾਲ ਕੀਤੇ ਜਾਣ ਵਾਲੇ ਧਰਮ ਦੇ ਕੰਮ ਦਾ ਖੱਬੇ ਹੱਥ ਨੂੰ ਪਤਾ ਨਹੀਂ ਲੱਗਣ ਦਿੰਦੇ।[2] ਇਹ ਮਰਕੁਸ 12:29, 30 ਵਿਚ ਮਸੀਹ ਦੀ ਸਿੱਖਿਆ ਤੋਂ ਬਹੁਤ ਫ਼ਰਕ ਹੈ।

ਇਸ ਗ੍ਰੰਥੀ ਨੂੰ ਦਿੱਤੇ ਗਏ ਯਿਸੂ ਦੇ ਜਵਾਬ ਵਿਚ, ਸਾਨੂੰ ਸੱਚੀ ਮਸੀਹੀਅਤ ਦਾ ਪੂਰਾ ਅਰਥ *ਸਾਰੇ* ... ਨਾਲ ਖ਼ੁਦਾ ਨਾਲ ਪਿਆਰ ਰੱਖਣਾ ਮਿਲਦਾ ਹੈ:

- ''ਆਪਣੇ *ਸਾਰੇ* ਦਿਲ ਨਾਲ''– ਭਾਵਨਾ ਦੀ ਥਾਂ।
- ''ਆਪਣੀ *ਸਾਰੀ* ਜਾਨ ਨਾਲ''– ਜੀਵਨ ਦੀ ਥਾਂ।
- ''ਆਪਣੀ *ਸਾਰੀ* ਬੁੱਧ ਨਾਲ''– ਸਮਝ ਦੀ ਥਾਂ।
- ''ਆਪਣੀ *ਸਾਰੀ* ਸ਼ਕਤੀ ਨਾਲ''– ਊਰਜਾ ਦੀ ਥਾਂ।[3]

ਖ਼ੁਦਾ ਦੀ ਸ਼ਖ਼ਸੀਅਤ ਪ੍ਰਤੀ ਤੁਹਾਡੀ ਸ਼ਖ਼ਸੀਅਤ ਦੀ ਪੂਰੀ ਪ੍ਰਤੀਕਿਰਿਆ ਅਰਥਾਤ ਪੂਰਣ ਮਨੁੱਖ ਦੀ ਸੇਵਾ ਇਹੀ ਹੈ। ਖ਼ੁਦਾ ਇਨਸਾਨ ਦਾ *ਸਾਰਾ* ਜਾਂ ਫਿਰ ਉਸ ਦਾ ਕੁਝ ਨਹੀਂ ਚਾਹੁੰਦਾ।

ਕੋਈ ਪੁੱਛ ਸਕਦਾ ਹੈ, ਕੀ ਖ਼ੁਦਾ ਨੂੰ ਸਾਥੋਂ ਅਜਿਹੀ ਮੰਗ ਕਰਨ ਦਾ ਕੋਈ ਹੱਕ ਹੈ? ਖ਼ੁਦਾ ਸਾਥੋਂ

ਅਜਿਹਾ ਕੁਝ ਨਹੀਂ ਮੰਗਦਾ, ਜੋ ਉਹ ਦੇਣ ਲਈ ਤਿਆਰ ਨਹੀਂ ਹੈ। ਖ਼ੁਦਾ ਨੇ *ਸਾਡੇ ਨਾਲ* ''ਸਾਰੇ ... ਨਾਲ'' ਪਿਆਰ ਕੀਤਾ ਹੈ:

> ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ (ਯੂਹੰਨਾ 3:16)

> ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਤੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ (ਰੋਮੀਆਂ 5:8)।

> ਪਰਮੇਸ਼ੁਰ ਦਾ ਪ੍ਰੇਮ ਸਾਡੇ ਵਿਚ ਇਸ ਤੋਂ ਪਰਗਟ ਹੋਇਆ ਜੋ ਪਰਮੇਸ਼ੁਰ ਨੇ ਆਪਣੇ ਇਕਲੌਤੇ ਪੁੱਤਰ ਨੂੰ ਸੰਸਾਰ ਵਿਚ ਘੱਲਿਆ ਭਈ ਅਸੀਂ ਉਸ ਦੇ ਰਾਹੀਂ ਜੀਵੀਏ। ਪ੍ਰੇਮ ਇਸ ਗੱਲ ਵਿਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤਰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪ੍ਰਾਸਚਿਤ ਹੋਵੇ (1 ਯੂਹੰਨਾ 4:9–10)।

ਮਸੀਹ ਨੇ ਸਲੀਬ ਅਤੇ ਜੋ ਕੁਝ ਖੁਦਾ ਨੇ ਸਾਡੇ ਲਈ ਕੀਤਾ ਹੈ, ਉਸ ਸਭ ਤੇ ਵਿਚਾਰ ਕਰਦੇ ਹੋਏ, ਅਸੀਂ ਕਵੀ ਨਾਲ ਸਿਰਫ਼ ਇੰਨਾ ਹੀ ਕਹਿ ਸਕਦੇ ਹਾਂ,

> ਇਲਾਹੀ ਪਿਆਰ ਅਪਨਾ ਲੇ ਖ਼ਾਸ
> ਦਿਲ ਜਾਨ, ਔਰ ਮੇਰੇ ਸਭ ਅਜ਼ੀਜ਼।[4]

## ਆਪਣੀ ਸਾਰੀ ਬੁੱਧ ਨਾਲ ਖ਼ੁਦਾ ਨੂੰ ਪਿਆਰ ਕਰਨਾ

ਅਸੀਂ ਸਾਰਿਆਂ ਦੀ ''ਆਪਣੀ ਸਾਰੀ ... ਨਾਲ ਪਿਆਰ ਕਰਨ'' ਵਿਚ ਮਦਦ ਲਈ, ਆਓ ਸਭ ਤੋਂ ਵੱਡੇ ਹੁਕਮ ਦੇ ਵੱਖ ਵੱਖ ਪਹਿਲੂਆਂ ਤੇ ਵਿਚਾਰ ਕਰੀਏ। ਬੁੱਧ ਤੋਂ ਸ਼ੁਰੂ ਕਰਦੇ ਹਾਂ: ''ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ... ਆਪਣੀ ਸਾਰੀ ਬੁੱਧ ਨਾਲ ... ਪਿਆਰ ਕਰ। ਬੁੱਧ ਤੋਂ ਭਾਵ ਸਮਝ ਹੈ, ਜੋ ਇਨਸਾਨ ਦਾ ਸੋਚਣ ਵਾਲਾ ਹਿੱਸਾ ਹੈ। ਬੁੱਧ ਨਾਲ ਹੀ ਲੋਕ ਜਾਣਦੇ ਹਨ ਕਿ ਕਿੰਨਾ ਕਰ ਜਾਂ ਟੈਕਸ ਚੁਕਾਉਣਾ ਹੈ।[5] ਬੁੱਧ ਨਾਲ ਹੀ ਲੋਕ ਅਹਿਮ ਖੋਜਾਂ ਕਰਦੇ ਹਨ। ਬੱਚਿਆਂ ਨੂੰ ਸਕੂਲ ਭੇਜ ਕੇ ਅਸੀਂ ਉਨ੍ਹਾਂ ਦੀ ਬੁੱਧ ਨੂੰ ਹੀ ਸਿਖਲਾਈ ਦਿੰਦੇ ਹਾਂ। ਖ਼ੁਦਾ ਚਾਹੁੰਦਾ ਹੈ ਕਿ ਨਰ ਹੋਵੇ ਜਾਂ ਨਾਰੀ, ਸਭ ਉਸ ਨੂੰ ਆਪਣਾ ਇਹੋ ਹਿੱਸਾ ਸਮਰਪਿਤ ਕਰਨ।

ਆਪਣੀ ਸਾਰੀ ਬੁੱਧ ਨਾਲ ਖ਼ੁਦਾ ਨੂੰ ਅਸੀਂ ਕਈ ਤਰੀਕਿਆਂ ਨਾਲ ਪਿਆਰ ਕਰ ਸਕਦੇ ਹਾਂ। ਇਕ ਤਰੀਕਾ ਉਸ ਦੇ ਵਚਨ ਦਾ ਮਨ ਲਾ ਕੇ ਅਧਿਐਨ ਕਰਨਾ ਹੈ। ਲੂਕਾ ਨੇ ਮਕਦੂਨੀਆ ਵਿਚ ਪੌਲੁਸ ਦੀਆਂ ਮਿਸ਼ਨਰੀ ਗਤੀਵਿਧੀਆਂ ਬਾਰੇ ਲਿਖਦਿਆਂ ਇਹ ਆਇਤ ਸ਼ਾਮਿਲ ਕੀਤੀ: ''ਏਥੇ (ਬਿਰੀਆ) ਦੇ ਲੋਕ ਥੱਸਲੁਨੀਕੇ ਦੇ ਲੋਕਾਂ ਨਾਲੋਂ ਬਹੁਤ ਚੰਗੇ ਸਨ। ਇਸ ਲਈ ਜੋ ਇਨ੍ਹਾਂ ਨੇ ਦਿਲ ਦੀ ਵੱਡੀ ਚਾਹ ਨਾਲ ਵਚਨ ਨੂੰ ਮੰਨ ਲਿਆ ਅਤੇ ਰੋਜ਼ ਲਿਖਤਾਂ ਵਿਚ ਭਾਲ ਕਰਦੇ ਰਹੇ ਭਈ ਇਹ ਗੱਲਾਂ ਇਸੇ ਤਰ੍ਹਾਂ ਹਨ ਕਿ ਨਹੀਂ'' (ਰਸੂਲਾਂ ਦੇ ਕੰਮ 17:11)। ਪੌਲੁਸ ਨੇ ਐਲਡਰਾਂ ਦੀਆਂ ਯੋਗਤਾਵਾਂ ਬਾਰੇ ਤੀਤੁਸ ਨੂੰ ਲਿਖਦਿਆਂ ਕਿਹਾ ਕਿ ਐਲਡਰ ਲਈ ਜ਼ਰੂਰੀ ਹੈ ਕਿ ਉਹ ''ਨਿਹਚਾ ਜੋਗ ਵਚਨ ਨੂੰ ਜਿਹੜਾ ਇਸ ਸਿੱਖਿਆ ਦੇ ਅਨੁਸਾਰ ਹੈ ਫੜੀ ਰੱਖੇ ਭਈ ਉਹ ਖਰੀ ਸਿੱਖਿਆ ਨਾਲ ਉਪਦੇਸ਼ ਕਰੇ ਨਾਲੇ ਢੁਚਰ ਡਾਹੁਣ ਵਾਲਿਆਂ ਨੂੰ ਕਾਇਲ ਕਰ ਸਕੇ'' (ਤੀਤੁਸ 1:9)। ਆਪਣੀ ਸਾਰੀ ਬੁੱਧ ਨਾਲ ਖ਼ੁਦਾ

ਨੂੰ ਪਿਆਰ ਕਰਨ ਵਾਲਾ ਬੰਦਾ ਬਾਈਬਲ ਖੋਲ੍ਹ ਕੇ ਕੁਝ ਸਮਾਂ ਹਰ ਦਿਨ ਖ਼ੁਦਾ ਦੇ ਨਾਲ ਗੁਜ਼ਾਰੇਗਾ। ਇਸ ਤੋਂ ਇਲਾਵਾ ਉਹ ਪ੍ਰਭੂ ਦੀ ਕਲੀਸੀਆ ਦੀਆਂ ਬੰਦਗੀਆਂ ਵਿਚ ਅਤੇ ਬਾਈਬਲ ਕਲਾਸਾਂ ਵਿਚ ਵੀ ਸ਼ਾਮਿਲ ਹੋਵੇਗਾ, ਤਾਂ ਜੋ ਉਹ ਖ਼ੁਦਾ ਦੀ ਮਰਜ਼ੀ ਨੂੰ ਜਾਣ ਸਕੇ।

ਇਸ ਤੋਂ ਇਲਾਵਾ, ਜੋ ਬਹੁਤ ਹੀ ਅਹਿਮ ਗੱਲ ਹੈ, ਉਹ ਇਹ ਹੈ ਕਿ ਉਹ ਆਪਣੇ ਘਰ ਵਿਚ ਇਕੱਠੇ ਪੜ੍ਹਨ, ਇਕੱਠੇ ਅਧਿਐਨ ਕਰਨ ਅਤੇ ਇਕੱਠੇ ਦੁਆ ਕਰਨ ਵਾਸਤੇ ਆਪਣੇ ਪਰਿਵਾਰ ਲਈ ਸਮਾਂ ਠਹਿਰਾਵੇ। ਹਰ ਪਰਿਵਾਰ ਆਪਣੀ ਮਸਰੂਫ਼ੀਅਤ ਵਿੱਚੋਂ ਆਤਮਿਕ ਅਧਿਐਨ ਅਤੇ ਮਨਨ ਕਰਨ ਲਈ ਸਮਾਂ ਕੱਢੇ ਤਾਂ ਸਾਰੀ ਦੁਨੀਆਂ ਕਿੰਨੀ ਸਮਰੱਥਾ ਨਾਲ ਭਰ ਜਾਵੇਗੀ। ਜੁਰਮ ਅਤੇ ਇਸ ਦੀ ਰੋਕਥਾਮ ਤੇ ਨਿਯੁਕਤ ਇਕ ਪ੍ਰਸਿੱਧ ਅਧਿਕਾਰੀ ਨੇ[6] ਕਈ ਸਾਲ ਪਹਿਲਾਂ ਇਹ ਸਤਰਾਂ ਲਿਖੀਆਂ ਸਨ:

> ਪਰਿਵਾਰ ਦੇ ਅੰਦਰ ਪਵਿੱਤਰ ਬਾਈਬਲ ਪੜ੍ਹਨਾ ਹੁਣ ਪਹਿਲਾਂ ਨਾਲੋਂ ਵੀ ਲਾਜ਼ਮੀ ਹੋ ਗਿਆ ਹੈ। ਇਹ ਪਰਿਵਾਰ ਨੂੰ ਇਕ ਦੂਜੇ ਦੇ ਨੇੜੇ ਲਿਆਉਂਦੇ ਹਨ। ਇਹ ਹਰ ਮੈਂਬਰ ਨੂੰ ਜੀਣ ਲਈ ਵਿਸ਼ਵਾਸ ਦਿੰਦਾ ਹੈ।
>
> ਇਕ ਛੋਟੇ ਮੁੰਡੇ ਦੇ ਰੂਪ ਵਿਚ, ਜਦ ਮੇਰੀ ਮਾਂ ਬਾਈਬਲ ਪੜ੍ਹ ਕੇ ਸੁਣਾਉਂਦੀ ਅਤੇ ਮੈਨੂੰ ਚੱਲਦੇ ਫਿਰਦੇ ਕਹਾਣੀਆਂ ਦੇ ਅਰਥ ਸਮਝਾਉਂਦੀ ਸੀ ਤਾਂ ਮੈਂ ਉਸ ਦੀ ਗੋਦ ਵਿਚ ਬੈਠ ਜਾਂਦਾ ਹੁੰਦਾ ਸੀ। ਇਸ ਨਾਲ ਸਾਡੇ ਵਿਚ ਵਿਸ਼ਵਾਸ ਦਾ ਰਿਸ਼ਤਾ ਮਜ਼ਬੂਤ ਹੋ ਗਿਆ। ਫਿਰ, ਉਨ੍ਹਾਂ ਖ਼ੂਬਸੂਰਤ ਰਾਤਾਂ ਵਿਚ ਜਦੋਂ ਮੇਰੇ ਪਿਤਾ ਪਰਿਵਾਰ ਦੇ ਸਭ ਲੋਕਾਂ ਨੂੰ ਆਪਣੇ ਆਲੇ ਦੁਆਲੇ ਇਕੱਠਾ ਕਰਕੇ ਬਾਈਬਲ ਦੇ ਵਚਨ ਪੜ੍ਹ ਕੇ ਸੁਣਾਉਂਦੇ ਸਨ ਤਾਂ ਕਿੰਨਾ ਵਧੀਆ ਲਗਦਾ ਸੀ। ਇਸ ਨਾਲ ਪਰਿਵਾਰ ਦੀ ਗੱਲਬਾਤ ਦਿਲਚਸਪ, ਸਜੀਵ ਅਤੇ ਗਿਆਨ ਵਰਧਕ ਹੋ ਜਾਂਦੀ ਸੀ। ਇਨ੍ਹਾਂ ਸਮਿਆਂ ਤੋਂ ਮੇਰੇ ਅੰਦਰ ਵਿਸ਼ਵਾਸ ਦੀ ਸਮਰੱਥਾ ਅਤੇ ਦੁਆ ਦੀ ਸਮਰਥਾ ਪੈਦਾ ਹੋ ਗਈ, ਜੋ ਜ਼ਿੰਦਗੀ ਭਰ ਔਖੀ ਘੜੀ ਵਿਚ ਮੈਨੂੰ ਮਜ਼ਬੂਤ ਬਣਾਉਂਦੀ ਹੈ।

ਜਦੋਂ ਅਸੀਂ ਸਮਝਦਾਰੀ ਨਾਲ ਯੋਜਨਾ ਬਣਾ ਕੇ ਸਹੀ ਫ਼ੈਸਲਾ ਲੈਂਦੇ ਹਾਂ, ਤਾਂ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ ਰਹੇ ਹੁੰਦੇ ਹਾਂ। ਦੋ ਮੇਲ ਖਾਂਦੇ ਵਚਨ ਇਹ ਹਨ: ''ਸੋ ਚੌਕਸੀ ਨਾਲ ਵੇਖੋ ਭਈ ਤੁਸੀਂ ਕਿੱਕੁਰ ਚੱਲਦੇ ਹੋ, ਨਿਰਬੁੱਧਾਂ ਵਾਂਗ ਨਹੀਂ ਸਗੋਂ ਬੁੱਧਵਾਨਾਂ ਵਾਂਗ। ਆਪਣੇ ਲਈ ਸਮੇਂ ਨੂੰ ਲਾਭਦਾਇਕ ਕਰੋ ਇਸ ਲਈ ਜੋ ਦਿਨ ਬੁਰੇ ਹਨ'' (ਅਫ਼ਸੀਆਂ 5:15, 16)। ''ਪਰ ਤੁਸੀਂ ਪਹਿਲਾਂ ਉਹਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ'' (ਮੱਤੀ 6:33)। ਖ਼ੁਦਾ ਨੂੰ ਪਿਆਰ ਕਰਨ ਵਾਲਾ ਇਨਸਾਨ ਉਨ੍ਹਾਂ ਕੰਮਾਂ ਲਈ ਜੋ ਸਭ ਤੋਂ ਜ਼ਰੂਰੀ ਹਨ, ਸਮਾਂ ਕੱਢ ਲਵੇਗਾ, ਜਿਵੇਂ ਨਿੱਜੀ ਦੁਆ, ਦੂਜਿਆਂ ਦੀ ਮਦਦ ਕਰਨ ਅਤੇ ਪ੍ਰਭੂ ਲਈ ਕੰਮ ਕਰਨ ਲਈ, ਉਸਦੀ ਬੁੱਧ ''ਮੇਰੇ ਲਈ ਜੋ ਸਭ ਤੋਂ ਚੰਗਾ ਹੈ'' ਦਾ ਫ਼ੈਸਲਾ ਕਰਨ ਲਈ ਨਹੀਂ, ਬਲਕਿ ''ਖ਼ੁਦਾ ਦੀਆਂ ਯੋਜਨਾਵਾਂ ਅਤੇ ਮਕਸਦਾਂ ਲਈ ਸਭ ਤੋਂ ਬੇਹਤਰੀਨ'' ਅਤੇ ਧਿਆਨ ਲਾਵੇਗੀ।

ਖ਼ੁਦਾ ਨੂੰ ਆਪਣੀ ਸਾਰੀ ਬੁੱਧ ਨਾਲ ਪਿਆਰ ਕਰਨ ਦਾ ਇਕ ਖ਼ਾਸ ਤਰੀਕਾ ਉਸ ਬੁੱਧ ਨੂੰ ਪ੍ਰਭੂ ਦੀ ਪੂਰਣਕਾਲੀ ਸੇਵਾ ਲਈ ਦੇਣਾ ਹੈ। ਕਦੀ ਕਦੀ ਅਸੀਂ ਜਵਾਨਾਂ ਨੂੰ ਕਹੀਆਂ ਗਈਆਂ ਅਜਿਹੀਆਂ ਗੱਲਾਂ ਸੁਣਦੇ ਹਾਂ: ''ਤੇਰਾ ਦਿਮਾਗ਼ ਬਹੁਤ ਵਧੀਆ ਹੈ। ਤੈਨੂੰ ਡਾਕਟਰ [ਜਾਂ ਵਕੀਲ, ਜਾਂ ਇੰਜੀਨੀਅਰ] ਬਣਨਾ ਚਾਹੀਦਾ ਹੈ।'' ਮਸੀਹੀ ਡਾਕਟਰਾਂ, ਮਸੀਹੀ ਵਪਾਰੀਆਂ, ਮਸੀਹੀ ਵਕੀਲਾਂ, ਅਤੇ ਹੋਰ ਕਿੱਤਿਆਂ ਵਿਚ ਮਸੀਹੀ ਲੋਕਾਂ ਦੀ ਲੋੜ ਹੈ, ਪਰ ਮਰਦਾਂ ਅਤੇ ਔਰਤਾਂ, ਮੁੰਡਿਆਂ ਅਤੇ ਕੁੜੀਆਂ ਲਈ ਵਚਨ ਨੂੰ ਖੋਲ੍ਹ ਕੇ ਸੁਣਾਉਣ ਲਈ ਪੁਲਪਿਟਾਂ ਅਤੇ ਕਲਾਸਰੂਮਾਂ ਵਿਚ ਇਸ ਨਾਲੋਂ ਵੀ ਵਧੀਆ ਦਿਮਾਗ਼ਾਂ ਦੀ ਹੋਰ ਵੀ ਬਹੁਤੀ ਲੋੜ ਹੈ। ਵਚਨ ਦੇ ਸੁਣਾਉਣ ਅਤੇ ਸਿਖਾਉਣ ਨਾਲੋਂ ਵੱਡਾ ਕੰਮ ਹੋਰ ਕੋਈ ਨਹੀਂ ਹੈ। ਵਚਨ ਸੁਣਾਉਣ ਅਤੇ ਲੋਕਾਂ ਨੂੰ ਸਿਖਾਉਣ ਲਈ ਸਾਡੇ ਵਿਚ ਸਭ ਤੋਂ ਸਿਆਣੇ ਲੋਕ ਹੀ ਹੋਣੇ ਜ਼ਰੂਰੀ ਹਨ।

ਆਪਣੀ ਸਾਰੀ ਬੁੱਧ ਨਾਲ ਖ਼ੁਦਾ ਨੂੰ ਪਿਆਰ ਕਰਨ ਤੇ ਵਿਚਾਰ ਕਰਦੇ ਹੋਏ, ਮੈਂ ਇਕ ਚਿਤਾਵਨੀ ਦੇਣ ਲਈ ਰੁਕਦਾ ਹਾਂ ਕਿ ਇਹ ਇਸ ਹੁਕਮ ਦਾ ਸਿਰਫ਼ ਇਕ ਚੌਥਾਈ ਹਿੱਸਾ ਹੈ। ਸਿਰਫ ਬੁੱਧ ਤੇ ਜ਼ੋਰ ਦੇਣ ਨਾਲ ਇਕ ਬੇਕਿਰਕ, ਬੇਕਾਰ ਦੀ ਬਹਿਸ ਕਰਨ ਵਾਲਾ ਧਰਮ ਹੀ ਮਿਲੇਗਾ। ਕਈ ਅਜਿਹੇ ਲੋਕ ਹਨ, ਜੋ ਦਿਮਾਗ਼ੀ ਕਸਰਤ ਕਰਦੇ ਹੋਏ ਰਾਤ ਰਾਤ ਇਹ ਬਹਿਸ ਕਰਦੇ ਹਨ ਕਿ ਇਕ ਕਿੱਲ ਤੇ ਕਿੰਨੇ ਫ਼ਰਿਸ਼ਤੇ ਅਸਾਨੀ ਨਾਲ ਬੈਠ ਸਕਦੇ ਹਨ। ਪਰ ਅਕਸਰ ਧਾਰਮਿਕ ਵਿਵਾਦੀ ਅਜਿਹੇ ਵਿਸ਼ੇ ਤੇ ਵਿਚਾਰ ਬਹੁਤ ਕਰਦਾ ਹੈ, ਪਰ ਕੰਮ ਕੁਝ ਨਹੀਂ ਕਰਦਾ। ਅਸੀਂ ਇਹ ਪ੍ਰਣ ਕਰ ਲਈਏ ਕਿ ਖ਼ੁਦਾ ਨੂੰ ਆਪਣੇ ਬੇਹਤਰੀਨ ਦਿਮਾਗ਼ ਦਿਆਂਗੇ, ਪਰ ਇਹ ਵੀ ਯਾਦ ਰੱਖੋ ਕਿ ਹੁਕਮ ਦਾ ਇਹ ਹਿੱਸਾ ਸਿਰਫ਼ ਇਕੱਲਾ ਨਹੀਂ ਹੈ। ਯਿਸੂ ਨੇ ਇਸ ਨੂੰ ਆਪਣੇ ਪ੍ਰਭੂ ਪ੍ਰਤੀ ਪੂਰੀ ਤਰ੍ਹਾਂ ਨਾਲ ਸਮਰਪਿਤ ਬੰਦੇ ਦੇ ਚਿੱਤਰ ਵਿਚ ਪਿਰੋਇਆ ਹੈ।

## ਆਪਣੇ ਸਾਰੇ ਦਿਲ ਨਾਲ ਖ਼ੁਦਾ ਨੂੰ ਪਿਆਰ ਕਰਨਾ

ਇਸ ਤੋਂ ਅੱਗੇ, ਅਸੀਂ ਹੁਕਮ ਦੇ ਇਸ ਭਾਗ ਤੇ ਵਿਚਾਰ ਕਰਨਾ ਚਾਹੁੰਦੇ ਹਾਂ: ''ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ... ਪਿਆਰ ਕਰ।'' ਬਾਈਬਲ ਵਿਚ ''ਦਿਲ'' ਸ਼ਬਦ ਦੀ ਕਈ ਤਰ੍ਹਾਂ ਨਾਲ ਵਰਤੋਂ ਹੋਈ ਹੈ। ਇਹ ਇਨਸਾਨ ਦੀ ਬੁੱਧ ਜਾਂ ਉਸ ਦੀ ਇੱਛਾ ਲਈ ਹੋ ਸਕਦਾ ਹੈ। ਪਰ ਇਸ ਸੰਦਰਭ ਵਿਚ ਇਹ *ਜਜ਼ਬਾਤ* ਦੀ ਥਾਂ ਅਰਥਾਤ ਭਾਵਨਾ ਦੇ ਕੇਂਦਰ ਲਈ ਹੈ।

ਕਈ ਵਾਰ ਧਰਮ ਵਿਚ ਅਸੀਂ ਭਾਵਨਾ ਦੇ ਮਹੱਤਵ ਨੂੰ ਘੱਟ ਸਮਝਦੇ ਹਾਂ। ਸ਼ਾਇਦ ਅਸੀਂ ਕਈ ਧਰਮਾਂ ਵਿਚ ਪਾਈ ਜਾਣ ਵਾਲੀ ਭਾਵੁਕਤਾ ਤੇ ਪ੍ਰਤੀਕਿਰਿਆ ਦਿੱਤੀ ਹੈ। ਭਾਵਨਾ ਨੂੰ ਸਾਨੂੰ ਲੋੜ ਤੋਂ ਵੱਧ ਮਹੱਤਵ ਨਹੀਂ ਦੇਣਾ ਚਾਹੀਦਾ, ਪਰ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਬਿਨਾਂ ਉਨ੍ਹਾਂ ਦੇ *ਚੱਲਣਾ* ਵੀ ਨਹੀਂ ਹੈ। ਇਨ੍ਹਾਂ ਸ਼ਬਦਾਂ ਦੇ ਸਬੰਧ ਤੇ ਵਿਚਾਰ ਕਰੋ: ਭਾਵਨਾ, ਇਰਾਦਾ ਅਤੇ ਮੋਟਰ ਕਾਰ ਵਿਚ ਲਗੀ ਮੋਟਰ *[ਚਲਾਉਣ ਵਾਲੀ ਸ਼ਕਤੀ]* ਉਸ ਨੂੰ ਚੱਲਣ ਵਿਚ ਮਦਦ ਕਰਦੀ ਹੈ। ਜ਼ਿੰਦਗੀ ਦਾ ਇਰਾਦਾ ਵੀ ਇਹੀ ਕੰਮ ਕਰਦਾ ਹੈ ਅਤੇ ਇਰਾਦੇ ਦੇ ਪਿੱਛੇ ਭਾਵਨਾ ਹੈ।

''ਜੋਸ਼'' ਲਈ ਅੰਗ੍ਰੇਜ਼ੀ ਸ਼ਬਦ ''*entusiasm*'' ਦੋ ਯੂਨਾਨੀ ਸ਼ਬਦਾਂ ਤੋਂ ਲਿਆ ਗਿਆ ਹੈ, ਜਿਨ੍ਹਾਂ ਦਾ ਮੂਲ ਅਰਥ ''ਖ਼ੁਦਾ ਵਿਚ'' ਜਾਂ ''*[ਸਾਡੇ]* ਵਿਚ ਖ਼ੁਦਾ'' ਹੈ। ਜੇ ਅਸੀਂ ਖ਼ੁਦਾ ਵਿਚ ਹਾਂ ਅਤੇ ਖ਼ੁਦਾ ਸਾਡੇ ਵਿਚ ਹੈ (1 ਯੂਹੰਨਾ 4:16), ਤਾਂ ਸਾਡਾ ਜੋਸ਼ ਨਾਲ ਭਰਿਆ ਹੋਣਾ ਜ਼ਰੂਰੀ ਹੈ; ਸਾਡਾ ਉਤਸ਼ਾਹੀ ਭਾਵਨਾ ਨਾਲ ਭਰਿਆ ਹੋਣਾ ਜ਼ਰੂਰੀ ਹੈ। ਡੇਵਿਡ ਲਿਪਸਕੌਂਬ[7] ਨੂੰ ਜਾਣਨ ਵਾਲੇ ਜਾਣਦੇ ਹਨ ਕਿ ਉਹਦਾ ਕਹਿਣਾ ਸੀ ਕਿ ਉਨ੍ਹਾਂ ਨੇ ਉਸ ਨੂੰ ਸਿਰਫ਼ ਇੱਕੋ ਵਾਰ ਰੋਂਦੇ ਵੇਖਿਆ ਸੀ ਅਤੇ ਇਹ ਐਤਵਾਰ ਸਵੇਰ ਉਸ ਸਮੇਂ ਹੋਇਆ ਜਦ ਭਾਈ ਲਿਪਸਕੌਂਬ ਪ੍ਰਭੂ ਦੀ ਮੇਜ਼ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ। ਉਨ੍ਹਾਂ ਨੇ ਪ੍ਰਭੂ ਭੋਜ ਦੇ ਮਹੱਤਵ ਤੇ ਸੰਖੇਪ ਸ਼ਬਦਾਂ ਵਿਚ ਦੱਸਿਆ ਅਤੇ ਫਿਰ ਬੋਲਦੇ ਬੋਲਦੇ , ਜ਼ੋਰ ਜ਼ੋਰ ਨਾਲ ਰੋ ਪਿਆ, ਅਤੇ ਆਪਣੀ ਗੱਲ ਵੀ ਪੂਰੀ ਨਹੀਂ ਕਰ ਸਕਿਆ। ਭਾਈ ਲਿਪਸਕੌਂਬ ਨੇ ਉਹ ਹੰਝੂ ਆਪਣੀ ਬੁੱਧ ਨਾਲ ਨਹੀਂ, ਦਿਲ ਨਾਲ ਵਹਾਏ ਸਨ।

ਬਹੁਤ ਪਹਿਲਾਂ, ਰਾਜਾ ਦਾਊਦ ਨੇ ਪੁਰਾਣੇ ਨੇਮ ਦੀਆਂ ਸਭ ਤੋਂ ਸ਼ਕਤੀਸ਼ਾਲੀ ਆਇਤਾਂ ਵਿੱਚੋਂ ਕੁਝ ਆਇਤਾਂ ਦਾ ਵਰਣਨ ਕੀਤਾ ਸੀ। ਅੱਜ ਵੀ ਅਸੀਂ ਉਸ ਦੇ ਲਿਖੇ ਜ਼ਬੂਰ ਪੜ੍ਹ ਕੇ ਉਨ੍ਹਾਂ ਨੂੰ ਪਸੰਦ ਕਰਦੇ ਹਾਂ। ਸਾਡੇ ਤੇ ਉਨ੍ਹਾਂ ਦਾ ਪ੍ਰਭਾਵ ਦਾਊਦ ਦੇ ਲਿਖਣ ਦੇ ਕਾਰਣ ਹੈ। ''ਉਸ ਨੇ ਆਪਣੀ ਭਾਵਨਾ ਦੀ ਗਹਿਰਾਈ ਵਿੱਚੋਂ ਤਰਲ ਅੱਗ ਦੀਆਂ ਆਇਤਾਂ ਡੋਲ੍ਹ ਦਿੱਤੀਆਂ ਅਤੇ ਅੱਜ ਵੀ ਉਹ ਸਾਡੇ ਦਿਲਾਂ ਵਿਚ ਅੱਗ ਲਾ ਦਿੰਦੇ ਹਨ।''[8]

ਆਪਣੇ ਸਾਰੇ ਦਿਲ ਨਾਲ ਖ਼ੁਦਾ ਨਾਲ ਪਿਆਰ ਕਰਨ ਦਾ ਅਰਥ ਕੀ ਹੈ? ਅਸੀਂ ਖ਼ੁਦਾ ਨਾਲ ਆਪਣੇ ਸਾਰੇ ਦਿਲ ਨਾਲ ਪਿਆਰ ਕਰਦੇ ਹਾਂ ...

- ਜਦੋਂ ਅਸੀਂ ਖ਼ੁਦਾ ਦਾ ਹੁਕਮ ਇਸ ਲਈ ਨਹੀਂ ਮੰਨਦੇ ਕਿ ਸਾਨੂੰ ਮੰਨਣਾ ਚਾਹੀਦਾ ਹੈ, ਬਲਕਿ ਇਸ ਲਈ ਮੰਨਦੇ ਹਾਂ ਕਿਉਂਕਿ ਅਸੀਂ ਮੰਨਣਾ ਚਾਹੁੰਦੇ ਹਾਂ।
- ਜਦੋਂ ਅਸੀਂ ਖ਼ੁਦਾ ਦੇ ਬਰਾਬਰ ਕਿਸੇ ਹੋਰ ਨੂੰ ਪਿਆਰ ਕਰਦੇ ਹਾਂ ਅਤੇ ਨਾ ਉਸ ਦੇ ਰਿਸ਼ਤੇ ਤੋਂ ਵੱਧ ਕੇ ਕਿਸੇ ਹੋਰ ਰਿਸ਼ਤੇ ਨਾਲ।
- ਜਦੋਂ ਅਸੀਂ ਸਭ ਤੋਂ ਵੱਧ ਖ਼ੁਦਾ ਨਾਲ ਪਿਆਰ ਕਰਦੇ ਹਾਂ।

ਇਸ ਤੋਂ ਇਲਾਵਾ, ਅਸੀਂ ਖ਼ੁਦਾ ਨਾਲ ਆਪਣੇ ਸਾਰੇ ਦਿਲ ਨਾਲ ਤਦ ਪਿਆਰ ਕਰਦੇ ਹਾਂ, ਜਦੋਂ ਲੋੜ ਪੈਣ ਤੇ ਉਸ ਦੀ ਸੇਵਾ ਲਈ ਅਸੀਂ *ਸਭ ਕੁਝ ਛੱਡਣ* ਨੂੰ ਪਿਆਰ ਹੋਈਏ। ਸਾਨੂੰ ...

- ਅਬਰਾਹਾਮ ਵਾਂਗ ਆਪਣੇ ਅਜ਼ੀਜ਼ਾਂ ਨੂੰ ਛੱਡਣ ਲਈ ਤਿਆਰ ਰਹਿਣਾ ਚਾਹੀਦਾ ਹੈ।
- ਅੱਯੂਬ ਵਾਂਗ, ਜ਼ਮੀਨ ਜਾਇਦਾਦ ਛੱਡਣ ਲਈ ਤਿਆਰ ਰਹਿਣਾ ਚਾਹੀਦਾ ਹੈ।
- ਮੂਸਾ ਵਾਂਗ, ਭੋਗ ਵਿਲਾਸ ਛੱਡਣ ਨੂੰ ਤਿਆਰ ਰਹਿਣਾ ਚਾਹੀਦਾ ਹੈ।

ਫਿਰ, ਅਸੀਂ ਆਪਣੇ ਸਾਰੇ ਦਿਲ ਨਾਲ ਖ਼ੁਦਾ ਨੂੰ ਤਦ ਹੀ ਪਿਆਰ ਕਰਦੇ ਹਾਂ ਜਦੋਂ ਖ਼ੁਦਾ ਲਈ *ਕੁਝ ਵੀ ਕਰਨ* ਨੂੰ ਤਿਆਰ ਹੁੰਦੇ ਹਾਂ:

- ਦਾਊਦ ਵਾਂਗ ਤੌਬਾ ਕਰਨ ਨੂੰ ਤਿਆਰ ਹੋਈਏ।
- ਪੈਂਟੀਕਾਸਟ ਦੇ ਦਿਨ ਵਾਲੇ ਯਹੂਦੀਆਂ ਵਾਂਗ ਬਪਤਿਸਮਾ ਲੈਣ ਨੂੰ ਤਿਆਰ ਹੋਈਏ।
- ਪੌਲੁਸ ਵਾਂਗ ਸਰੀਰ ਦੇਣ ਨੂੰ ਤਿਆਰ ਹੋਈਏ।
- ਦੋਰਕਾਸ ਵਾਂਗ ਸੇਵਾ ਕਰਨ ਨੂੰ ਤਿਆਰ ਹੋਈਏ।
- ਜ਼ੱਕਈ ਵਾਂਗ ਦੇਣ ਨੂੰ ਤਿਆਰ ਹੋਈਏ।

ਕਲੀਸੀਆ ਨੂੰ ਭਾਵਨਾ ਦੀ, ਦਿਲ ਦੀ ਅਤੇ ਸੇਵਾ ਦੀ ਲੋੜ ਹੈ। ਪਰ ਇਕ ਵਾਰ ਫਿਰ ਚੇਤਾਵਨੀ ਵੀ ਜ਼ਰੂਰੀ ਹੈ। ਕੁਝ ਲੋਕਾਂ ਨੇ ਧਰਮ ਵਿਚ ਸਭ ਕੁਝ ਸ਼ਾਮਲ ਕਰਨ ਲਈ ਭਾਵਨਾ ਅਤੇ ਹਮਦਰਦੀਆਂ ਦੀ ਇਜਾਜ਼ਤ ਦਿੱਤੀ ਹੈ। ਭਾਵਨਾਵਾਂ ਨਾਲ ਚੱਲਣ ਵਾਲੇ ਲੋਕ ਪਥਰੀਲੀ ਜ਼ਮੀਨ ਵਾਂਗ ਹੁੰਦੇ ਹਨ, ਜਿਸ ਤੇ ਬੀਜ ਡਿੱਗਾ ਸੀ। ਜੜ੍ਹ ਨਾ ਫੜ੍ਹਨ ਕਰਕੇ, ਉਸ ਦੀਆਂ ਕੂੰਬਲਾਂ ਤਾਂ ਨਿੱਕਲੀਆਂ ਪਰ ਛੇਤੀ ਹੀ ਮੁਰਝਾ ਗਈਆਂ (ਮੱਤੀ 13:6)। ਅੱਜ ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਜਦ ਤਕ ਕੋਈ ਗੱਲ ਉਨ੍ਹਾਂ ਨੂੰ ਅੰਦਰੋਂ ਨਹੀਂ ਹਿਲਾਉਂਦੀ ਅਰਥਾਤ ਜੇ ਉਹ ਇਸ ਬਾਰੇ ਬਹੁਤ ਮਜ਼ਬੂਤ ਭਾਵਨਾ ਰੱਖਦੇ ਹਨ, ਤਾਂ ਇਹ ਖ਼ੁਦਾ ਨੂੰ ਕਬੂਲ ਹੋਣੀ ਚਾਹੀਦੀ ਹੈ। ਪਰ ਗੱਲ ਇਹੋ ਜਿਹੀ ਨਹੀਂ ਹੈ। ਡਿਨੋਮੀਨੇਸ਼ਨਲ ਜਗਤ ਆਤਮਾ ਦੀਆਂ ਗੱਲਾਂ ਕਈ ਵਾਰ ਕਰਦਾ ਹੈ, ਪਰ ਖੁਦਾ ਦੇ ਹੁਕਮਾਂ ਨਾਲ ਜੁੜੇ ਰਹਿਣ ਪ੍ਰਤੀ ਲਾਪਰਵਾਹ ਹੈ (ਵੇਖੋ ਰੋਮੀਆਂ 10:2)।

ਸਭ ਤੋਂ ਵੱਡਾ ਹੁਕਮ ਦੇ ਕੇ ਯਿਸੂ ਨੇ ਸੰਕੇਤ ਦਿੱਤਾ ਕਿ ਬੁੱਧੀ ਅਤੇ ਦਿਲ, ਭਾਵਨਾ ਅਤੇ ਭਾਵਨਾ ਦਾ ਮੇਲ ਹੋਣਾ ਜ਼ਰੂਰੀ ਹੈ। ਅਸੀਂ ਭਾਵਨਾਵਾਂ ਦੀ ਤੁਲਨਾ ਕਾਰ ਦੀ ਮੋਟਰ ਨਾਲ ਕੀਤੀ ਸੀ, ਪਰ ਸਮਝ ਦੀ ਤੁਲਨਾ ਕਾਰ ਦੇ ਸਟੇਅਰਿੰਗ ਨਾਲ ਕੀਤੀ ਜਾ ਸਕਦੀ ਹੈ। ਕਾਰ ਦੇ ਆਪਣੇ ਤਕ ਪਹੁੰਚਣ ਲਈ ਦੋਵਾਂ ਦੀ ਲੋੜ ਹੁੰਦੀ ਹੈ। ਚੰਗੀ ਮੋਟਰ ਵਾਲੀ ਕਾਰ ਬਿਨਾਂ ਸਟੇਅਰਿੰਗ ਦੇ ਬਹੁਤ ਦੂਰ ਤਾਂ ਜਾ ਸਕਦੀ ਹੈ, ਪਰ ਕਿਸੇ ਨੂੰ ਵੀ ਪਤਾ ਨਹੀਂ ਉਹ ਕਿੱਥੇ ਜਾਵੇਗੀ? ਦੂਜੇ ਪਾਸੇ, ਬਿਨਾਂ ਮੋਟਰ ਦੇ ਸਟੇਅਰਿੰਗ ਵਾਲੀ ਕਾਰ ਕਿਤੇ ਵੀ ਨਹੀਂ ਜਾ ਸਕਦੀ ਹੈ। ਕਾਰ ਵਿਚ ਦੋਹਾਂ ਦਾ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ, ਖ਼ੁਦਾ ਜਿਸ ਧਰਮ ਦੀ ਇੱਛਾ ਕਰਦਾ ਹੈ, ਉਸ ਨਾਲ ਬੁੱਧ ਅਤੇ ਦਿਲ ਦੋਹਾਂ ਦਾ ਹੋਣਾ ਜ਼ਰੂਰੀ ਹੈ। ਬੁੱਧ ਪਿਤਾ ਦੀ

ਇੱਛਾ ਨੂੰ ਸਿਖਦੀ ਅਤੇ ਸਾਨੂੰ ਉਸ ਦੀ ਠਹਿਰਾਈ ਹੋਈ ਹੱਦ ਤੋਂ ਬਾਹਰ ਨਹੀਂ ਜਾਣ ਦਿੰਦੀ ਹੈ। ਫਿਰ ਦਿਲ ਭਾਵਨਾਵਾਂ ਨੂੰ ਉਕਸਾਉਂਦਾ ਅਤੇ ਜੋਸ਼ ਦੁਆਉਂਦਾ ਹੈ, ਜਿਸ ਨਾਲ ਅਸੀਂ, ਪਰਮੇਸ਼ੁਰ ਦੀਆਂ ਹੱਦਾਂ ਵਿਚ ਰਹਿੰਦੇ ਹੋਏ ਸਰਬ ਸ਼ਕਤੀਮਾਨ ਦੀ ਇਬਾਦਤ ਅਤੇ ਸੇਵਾ ਕਰਦੇ ਹਾਂ। ਆਓ ਅਸੀਂ ਆਪਣੇ *ਸਾਰੇ* ਦਿਲ ਅਤੇ ਆਪਣੀ *ਸਾਰੀ* ਬੁੱਧ ਨਾਲ ਖ਼ੁਦਾ ਨੂੰ ਪਿਆਰ ਕਰਨ ਦੀ ਕੋਸ਼ਿਸ਼ ਕਰੀਏ।

## ਆਪਣੀ ਸਾਰੀ ਸ਼ਕਤੀ ਨਾਲ ਖ਼ੁਦਾ ਨੂੰ ਪਿਆਰ ਕਰਨਾ

ਯਿਸੂ ਨੇ ਇਹ ਵੀ ਕਿਹਾ, ''ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ... ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰ।'' ਇਨਸਾਨ ਦੀ ਸ਼ਕਤੀ ਉਸ ਦੀ ਯੋਗਤਾ ਅਤੇ ਉਸ ਦੀ ਊਰਜਾ ਨਾਲ ਹੁੰਦੀ ਹੈ। ਹੁਣ ਤਕ ਅਸੀਂ ਬੁੱਧੀ (ਸਮਝ ਦੇ ਕੇਂਦਰ) ਅਤੇ ਦਿਲ (ਭਾਵਨਾਵਾਂ ਦੇ ਕੇਂਦਰ) ਨਾਲ ਖ਼ੁਦਾ ਨੂੰ ਪਿਆਰ ਕਰਨ ਤੇ ਚਰਚਾ ਕੀਤੀ ਹੈ, ਪਰ ਹੁੰਦੇ ਦੋਵੇਂ ਹੀ ਇਨਸਾਨ ਦੇ ਅੰਦਰ ਹਨ। ਜੇ ਅਸੀਂ ਸਚਮੁਚ ਪ੍ਰਭੂ ਨਾਲ ਪਿਆਰ ਕਰਦੇ ਹਾਂ ਤਾਂ ਉਸ ਪਿਆਰ ਨੂੰ *ਜ਼ਾਹਿਰ ਕੀਤਾ* ਜਾਵੇ: ਉਸ ਨੂੰ ਕੰਮ ਰਾਹੀਂ ਵਿਖਾਇਆ ਜਾਵੇ, ਹੁਕਮ ਮੰਨਣ ਦੇ ਰਾਹੀਂ ਵਿਖਾਇਆ ਜਾਵੇ।

ਮਸੀਹੀਅਤ *ਵਿਹਾਰਿਕ* ਧਰਮ ਹੈ। ਮਸੀਹ ਨੇ ਕਿਹਾ, ''ਨਾ ਹਰੇਕ ਜਿਹੜਾ ਮੈਨੂੰ ਪ੍ਰਭੂ! ਪ੍ਰਭੂ! *ਕਹਿੰਦਾ ਹੈ* ਸੁਰਗ ਦੇ ਰਾਜ ਵਿਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ *ਚੱਲਦਾ ਹੈ*'' (ਮੱਤੀ 7:21)। ਯਾਕੂਬ ਨੇ ਲਿਖਿਆ ਹੈ, ''ਪਰ ਵਚਨ ਉੱਤੇ *ਚੱਲਣ ਵਾਲੇ* ਹੋਵੋ ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ'' (ਯਾਕੂਬ 1:22)। ਪੌਲੁਸ ਨੇ ਇਸੇ ਤਰ੍ਹਾਂ ਕਿਹਾ ਹੈ, ''ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਉਸਨੇ ਦੇਹੀ ਵਿਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ *ਕਰਨੀਆਂ ਅਨੁਸਾਰ* ਉਹਦਾ ਫਲ ਭੋਗੇ'' (2 ਕੁਰਿੰਥੀਆਂ 5:10)। ਜਿਹੜਾ ਇਨਸਾਨ ਆਪਣੀ ਸ਼ਕਤੀ ਨੂੰ ਖ਼ੁਦਾ ਦੀ ਸੇਵਾ ਵਿਚ ਵਰਤਣ ਲਈ ਤਿਆਰ ਨਹੀਂ ਹੈ, ਉਹ ਸੁਰਗ ਦੇ ਰਾਜ ਦੇ ਯੋਗ ਨਹੀਂ ਹੈ।

ਅਸੀਂ ਖ਼ੁਦਾ ਨੂੰ ਆਪਣੀ ਸਾਰੀ ਸ਼ਕਤੀ ਨਾਲ ਕਿਵੇਂ ਪਿਆਰ ਕਰਦੇ ਹਾਂ? ਪਹਿਲਾ, ਅਸੀਂ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਤਦ ਕਰਦੇ ਹਾਂ, ਜਦੋਂ ਅਸੀਂ *ਜੋ ਕੁਝ ਸਾਡੇ ਕੋਲ ਹੈ,* ਉਸ ਦੀ ਵਰਤੋਂ ਉਸ ਦੇ ਲਈ ਕਰਦੇ ਹਾਂ। ਯੋਗਤਾ ਨਾਲ ਮੌਕਾ ਦੋਵੇਂ ਮਿਲ ਕੇ ਜ਼ਿੰਮੇਵਾਰੀ ਬਣ ਜਾਂਦੇ ਹਨ। ਤੈਅ ਕਰ ਲਵੋ ਕਿ ਅੱਜ ਤੁਸੀਂ ਆਪਣੀ ਯੋਗਤਾ ਅਤੇ ਊਰਜਾ ਨੂੰ ਪ੍ਰਭੂ ਦੀ ਸੇਵਾ ਵਿਚ ਸਭ ਤੋਂ ਚੰਗੇ ਢੰਗ ਨਾਲ ਕਿਵੇਂ ਵਰਤ ਸਕਦੇ ਹੋ। ਕਹਿੰਦੇ ਹਨ ਕਿ ਸਭ ਵਿਚ ਆਪਣੀ ਯੋਗਤਾ ਨਾਲੋਂ ਦਸ ਗੁਣਾ ਵੱਧ ਯੋਗਤਾ ਹੁੰਦੀ ਹੈ। ਮਸੀਹ ਲਈ ਆਪਣੀ ਯੋਗਤਾ ਵਧਾਉਣ ਦੀ ਪੂਰੀ ਕੋਸ਼ਿਸ਼ ਕਰੋ।

ਇਸ ਤੋਂ ਇਲਾਵਾ, ਜਿਵੇਂ ਕਿ ਪਹਿਲਾਂ ਵੀ ਸੁਝਾਅ ਦਿੱਤਾ ਗਿਆ ਹੈ, ਅਸੀਂ ਖੁਦਾ ਨਾਲ ਆਪਣੀ ਸਾਰੀ ਸ਼ਕਤੀ ਨਾਲ ਤਦ ਹੀ ਪਿਆਰ ਕਰਦੇ ਹਾਂ ਜਦੋਂ ਅਸੀਂ ਆਪਣੇ ਕੰਮ ਨਾਲ ਆਪਣੇ ਦਿਲਾਂ ਨਾਲ ਪਿਆਰ ਵਿਖਾਉਂਦੇ ਹਾਂ। ਸਾਫ਼ ਸਾਫ਼ ਕਹੀਏ ਤਾਂ ਸਾਡਾ ਪ੍ਰਭੂ ਲਈ *ਕੰਮ ਕਰਨਾ* ਜ਼ਰੂਰੀ ਹੈ (1 ਕੁਰਿੰਥੀਆਂ 15:58)। ਕਿਸੇ ਧਾਰਮਿਕ ਆਗੂ ਨੂੰ ਉਸ ਦੇ ਡਾਕਟਰਾਂ ਰਾਹੀਂ ਦੱਸਿਆ ਗਿਆ ਕਿ ਉਸ ਨੂੰ ਕੰਮ ਘੱਟ ਕਰ ਦੇਣਾ ਚਾਹੀਦਾ ਹੈ। ਉਸ ਨੇ ਜਵਾਬ ਦਿੱਤਾ, ''ਮੈਂ ਮਰਨ ਦੇ ਪੰਜ ਮਿੰਟ ਬਾਅਦ ਅਰਾਮ ਕਰਨਾ ਸ਼ੁਰੂ ਕਰਾਂਗਾ।'' ਪਿਛਲੀ ਇਕ ਪੀੜ੍ਹੀ ਦੇ ਇੰਜੀਲ ਦੇ ਇਕ ਪ੍ਰਸਿੱਧ ਪ੍ਰਚਾਰਕ ਨੇ ਇਕ ਵਾਰ ਕਿਹਾ ਸੀ ਕਿ ਉਹ ਬੁੱਢਾ ਨਹੀਂ ਹੋਣਾ ਚਾਹੁੰਦਾ ਅਤੇ ਮਸੀਹ ਦੀ ਸੇਵਾ ਕਰਦਿਆਂ ਹੀ ਮਰਨਾ ਚਾਹੁੰਦਾ ਹੈ। ਮੈਨੂੰ ਗਲਤ ਨਾ ਸਮਝੋ ਸਾਡੇ ਵਿੱਚੋਂ ਹਰੇਕ ਨੂੰ ਸਮੇਂ ਸਮੇਂ ਤੇ ਅਰਾਮ ਦੀ ਲੋੜ ਹੁੰਦੀ ਹੈ (ਮਰਕੁਸ 6:31)। ਮੇਰੇ ਕਹਿਣ ਦਾ ਅਰਥ ਇਹ ਹੈ ਕਿ ਜੰਗਾਲ ਲਗਣ ਨਾਲੋਂ ਤਾਂ ਚੰਗਾ ਹੈ ਕਿ ਜਦੋਂ ਤੱਕ ਹੋ ਸਕੇ ਕੰਮ ਕਰੀਏ।

ਅਖ਼ੀਰ ਵਿਚ ਅਸੀਂ ਆਪਣੀ ਸਾਰੀ ਸ਼ਕਤੀ ਨਾਲ ਤਦੇ ਪਿਆਰ ਕਰਦੇ ਹਾਂ, ਜਦ ਅਸੀਂ ਆਪਣੀਆਂ

ਬੇਹਤਰੀਨ ਚੀਜ਼ਾਂ ਖ਼ੁਦਾ ਨੂੰ ਦਿੰਦੇ ਹਾਂ। ਬਹੁਤ ਵਾਰੀ ਅਸੀਂ ਪ੍ਰਭੂ ਨਾਲ ਉਵੇਂ ਹੀ ਵਿਹਾਰ ਕਰਦੇ ਹਾਂ ਜਿਵੇਂ ਮੇਰੇ ਪਰਿਵਾਰ ਦੇ ਲੋਕ ਆਪਣੇ ਬੁੱਢੇ ਕੁੱਤੇ ਨਾਲ ਕਰਦੇ ਸਨ: ਅਸੀਂ ਉਸ ਨੂੰ ਬੱਚੇ ਖੁਚੇ ਟੁਕੜੇ ਜਾਂ ਰਹਿੰਦ ਖੂੰਧ ਦਿੰਦੇ ਹਾਂ। ਖ਼ੁਦਾ ਨੂੰ ਸਾਡੇ ਸਮੇਂ, ਦੌਲਤ, ਯੋਗਤਾ ਅਤੇ ਊਰਜਾ ਦੀ ਲੋੜ ਬੁਢਾਪੇ ਵਿਚ ਨਹੀਂ ਹੈ। ਉਹ ਚਾਹੁੰਦਾ ਹੈ ਕਿ ਅਸੀਂ ਆਪਣਾ ਉੱਤਮ ਭਾਗ ਉਸ ਨੂੰ ਦਈਏ (ਮੱਤੀ 6:33)। ਪਰ ਆਪਣਾ ਉੱਤਮ ਭਾਗ ਅਸੀਂ ਤਦੇ ਦੇ ਸਕਾਂਗੇ, ਜਦ ਅਸੀਂ ਉਸ ਨੂੰ ਸਾਰੀ ਸ਼ਕਤੀ ਨਾਲ ਪਿਆਰ ਕਰਦੇ ਹੋਈਏ।

ਖ਼ੁਦਾ ਨੂੰ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰਨਾ ਉਸ ਦੀ ਗੱਲ ਮੁਕੰਮਲ ਤੌਰ ਤੇ ਮੰਨਣ ਦਾ ਭਾਗ ਹੋਣਾ ਜ਼ਰੂਰੀ ਹੈ। ਸ਼ਮਊਨ ਖ਼ੁਦਾ ਨਾਲ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰਦਾ ਸੀ, ਪਰ ਉਹ ਅਪਣੇ ਦਿਲ ਅਤੇ ਆਪਣੀ ਬੁੱਧ ਨਾਲ ਪਿਆਰ ਨਹੀਂ ਕਰ ਸਕਿਆ। ਆਪਣੀ ਸ਼ਕਤੀ ਨਾਲ ਵਿਖਾਇਆ ਗਿਆ ਪਿਆਰ ਸਮਝ ਅਤੇ ਪਾਲਾਂ ਨਾਲ ਪ੍ਰੇਰਿਤ ਅਗਵਾਈ ਵਿਚ ਹੋਣਾ ਜ਼ਰੂਰੀ ਹੈ। ਪਰ ਇਹ ਨਾ ਭੁੱਲੋ ਕਿ ਮਸੀਹ ਲਈ ਕੰਮ ਕਰਨਾ ਸਾਡੇ ਪਿਆਰ ਦੀ ਸੱਚਾਈ ਦਾ ਇਸ਼ਾਰਾ ਕਰਦਾ ਹੈ।

## ਆਪਣੀ ਸਾਰੀ ਜਾਨ ਨਾਲ ਖ਼ੁਦਾ ਨੂੰ ਪਿਆਰ ਕਰਨਾ

ਅਖ਼ੀਰ ਵਿਚ, ਅਸੀਂ ਵੇਖਦੇ ਹਾਂ ਕਿ ਯਿਸੂ ਨੇ ਕਿਹਾ, ''ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨਾਲ ... ਆਪਣੀ ਸਾਰੀ ਜਾਨ ਨਾਲ... ਪਿਆਰ ਕਰ।'' ਮਸੀਹ ਦੀ ਸੂਚੀ ਵਿਚ ਜਾਨ ਦੂਜੇ ਨੰਬਰ ਤੇ ਸੀ, ਅਤੇ ਮੈਂ ਇਸ ਨੂੰ ਅਖ਼ੀਰ ਵਿਚ ਰੱਖਿਆ ਹੈ, ਕਿਉਂਕਿ ਇਹ ਪਿਤਾ ਪ੍ਰਤੀ ਸਾਡੇ ਹੁਕਮ ਮੰਨਣ ਦੇ ਸਾਰ ਦੇ ਤੌਰ ਤੇ ਕੰਮ ਕਰ ਸਕਦਾ ਹੈ।

ਯੂਨਾਨੀ ਸ਼ਬਦ ਦਾ ਅਨੁਵਾਦ ''ਜਾਨ'' (ਅੰਗ੍ਰੇਜ਼ੀ ਸ਼ਬਦ ''*soul*'') *psuche* ਹੈ, ਜਿਸ ਨੂੰ *Psyche*[9] ਵੀ ਲਿਖਿਆ ਜਾਂਦਾ ਹੈ, ਜਿਸ ਨਾਲ ਸਾਨੂੰ ਮਨੋਵਿਗਿਆਨ ਲਈ ਅੰਗ੍ਰੇਜ਼ੀ ਸ਼ਬਦ ਦੀ ਵਰਤੋਂ ''ਮਨ'' ਜਾਂ ''ਦਿਲ'' ਵਰਗੇ ਸ਼ਬਦਾਂ ਵਿਚ ਕੋਈ ਹੈ– ਇਨਸਾਨ ਦੇ ਵਿਚਾਰ ਜਾਂ ਭਾਵਨਾ ਦੇ ਹਿੱਸੇ ਦੇ ਰੂਪ ਵਿਚ। ਸਾਡੇ ਵਿੱਚੋਂ ਕਈਆਂ ਲਈ ''ਸੋਲ'' ਆਤਮਾ ਜਾਂ ਮਨੁੱਖ ਦੇ ਅਨਾਦੀ ਭਾਗ ਦਾ ਬਦਲਵਾਂ ਸ਼ਬਦ ਹੈ। ਪਰ ਮਰਕੁਸ 12:29, 30 ਵਿਚ ਇਸ ਸ਼ਬਦ ਨੂੰ ਬੁੱਧ ਅਤੇ ਸਮਝ ਤੋਂ ਫ਼ਰਕ ਵਿਖਾਇਆ ਗਿਆ ਹੈ ਅਤੇ ਉਨ੍ਹਾਂ ਦੇ ਸਮਾਂਨਾਂਤਰ ਦੇ ਰੂਪ ਵਿਚ ਦਿੱਤਾ ਗਿਆ ਹੈ।[10] ਇਸ ਤੱਥ ਵਿਚ ਕਿ *psyche* ਦਾ ਅਨੁਵਾਦ ਆਮ ਤੌਰ ਤੇ ''ਜੀਵਨ'' ਜਾਂ ਲਾਈਫ਼ ਸ਼ਬਦ ਨਾਲ ਹੁੰਦਾ ਹੈ, ਅਗਲੀਆਂ ਪ੍ਰਸਿੱਧ ਆਇਤਾਂ ਤੇ ਧਿਆਨ ਦਿਓ। ਇਨ੍ਹਾਂ ਵਿਚ ਹਰੇਕ ਵਿਚ, ''ਜਾਨ'' ਸ਼ਬਦ ਦਾ ਅਨੁਵਾਦ *psyche* ਨਾਲ ਕੀਤਾ ਗਿਆ ਹੈ:

> ਇਸ ਕਰਕੇ ਮੈਂ ਤੁਹਾਨੂੰ ਆਖਦਾ ਹਾਂ ਜੋ ਆਪਣੇ ਪ੍ਰਾਣਾਂ ਦੇ ਲਈ ਚਿੰਤਾ ਨਾ ਕਰੋ ਭਈ ਅਸੀਂ ਕੀ ਖਾਵਾਂਗੇ ਜਾਂ ਕੀ ਪੀਵਾਂਗੇ ਅਤੇ ਨਾ ਆਪਣੇ ਸਰੀਰ ਦੇ ਲਈ ਜੋ ਕੀ ਪਹਿਨਾਂਗੇ? ਭਲਾ, ਪ੍ਰਾਣ ਭੋਜਨ ਨਾਲੋਂ ਅਤੇ ਸਰੀਰ ਬਸਤਰ ਨਾਲੋਂ ਵਧੀਕ ਨਹੀਂ? (ਮੱਤੀ 6:25)।

> ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ (ਯੂਹੰਨਾ 15:13)।

> ... ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਿਆ ਚਾਹੇ ਸੋ ਤੁਹਾਡਾ ਕਾਮਾ ਹੋਵੇ। ਜਿਵੇਂ ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਲਈ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ *ਜਾਨ* ਦੇਣ ਆਇਆ (ਮੱਤੀ 20:27, 28)।

ਇਨ੍ਹਾਂ ਆਇਤਾਂ ਵਿਚ, *psyche* ਸ਼ਬਦ ਦਾ ਅਰਥ ਮਨੁੱਖ ਦੀ ਜਾਨ ਹੈ। ਮੇਰੇ ਲਈ ਖ਼ੁਦਾ ਨੂੰ ''ਆਪਣੀ ਸਾਰੀ ਜਾਨ ਨਾਲ'' ਪਿਆਰ ਕਰਨ ਦਾ ਅਰਥ ਆਪਣੇ ਆਪ ਨਾਲ ਸਾਰੇ ਸਰੀਰ, ਮਨ ਅਤੇ ਧਨ ਨਾਲ ਉਸਨੂੰ ਪਿਆਰ ਕਰਨਾ ਹੈ ਅਰਥਾਤ ਜੋ ਕੁਝ ਸਾਡੇ ਕੋਲ ਹੈ, ਜੋ ਕੁਝ ਅਸੀਂ ਹਾਂ ਅਤੇ ਜੋ ਕੁਝ ਅਸੀਂ ਹੋ ਸਕਦੇ ਹਾਂ, ਉਨ੍ਹਾਂ ਸਭਨਾਂ ਤੋਂ ਵਧ ਕੇ ਪਿਆਰ ਕਰਨਾ।

ਹੁਣੇ ਹੁਣੇ ਧਿਆਨ ਦਿੱਤੇ ਗਏ ਸ਼ਬਦਾਂ ਤੋਂ ਸੰਕੇਤ ਪਾ ਕੇ ਆਪਣੀਆਂ ਜਾਨਾਂ ਨਾਲ ਖ਼ੁਦਾ ਨੂੰ ਪਿਆਰ ਕਰਨ ਲਈ ਇਸ ਦੁਨਿਆਵੀ ਜੀਵਨ ਦੀਆਂ ਭੌਤਿਕ ਚੀਜ਼ਾਂ ਨਾਲੋਂ ਵੱਧ ਖ਼ੁਦਾ ਨੂੰ ਮਹੱਤਵ ਦੇਣਾ ਹੈ। ਇਸ ਦਾ ਅਰਥ ਲੋੜ ਪੈਣ ਤੇ ਉਸ ਦੇ ਲਈ ਆਪਣੀ ਜਾਨ ਕੁਰਬਾਨ ਕਰਨ ਨੂੰ ਵੀ ਤਿਆਰ ਰਹਿਣਾ ਅਤੇ ਉਸ ਦੀ ਅਤੇ ਸਾਰੀ ਮਨੁੱਖ ਜਾਤੀ ਦੀ ਸੇਵਾ ਵਿਚ ਆਪਣੀ ਜਾਨ ਦੇਣ ਨੂੰ ਤਿਆਰ ਰਹਿਣਾ ਹੈ। ਆਪਣੀ ਸਾਰੀ ਜਾਨ ਨਾਲ ਖ਼ੁਦਾ ਨੂੰ ਪਿਆਰ ਕਰਨ ਦਾ ਅਰਥ ਆਪਣਾ ਦਿਲ, ਸਰੀਰ, ਅਤੇ ਜਾਨ ਸਭ ਪੂਰੀ ਤਰ੍ਹਾਂ ਨਾਲ ਉਸ ਨੂੰ ਦੇ ਦੇਣਾ ਹੈ। ਜਿਵੇਂ ਇਕ ਮਹਾਨ ਮੋਹਰੀ ਪ੍ਰਚਾਰਕ ਟੀ. ਬੀ. ਲੈਰੀਮੋਰ ਇਸ ਨੂੰ ਇਸ ਤਰ੍ਹਾਂ ਕਹਿੰਦੇ ਹੁੰਦੇ ਸਨ, ''ਬੁੱਧ, ਸ਼ਕਤੀ ਅਤੇ ਧਨ; ਸਮਾਂ, ਜੀਭ ਅਤੇ ਗੁਣ; ਸਿਰ, ਹੱਥ ਅਤੇ ਦਿਲ; ਸਰੀਰ, ਜਾਨ ਅਤੇ ਆਤਮਾ''[11] ਅਰਥਾਤ ਸਭ ਕੁਝ ਆਪਣੇ ਪ੍ਰਭੂ ਲਈ ਸਮਰਪਿਤ ਕਰਨਾ ਜ਼ਰੂਰੀ ਹੈ।

## ਸਾਰ

ਪੂਰਣ ਮਨੁੱਖ ਦਾ ਧਰਮ ਇਹੋ ਹੈ: ''ਅਰ ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰ'' (ਮਰਕੁਸ 12:30)। ਇਕ ਮਜ਼ਦੂਰ ਆਪਣੇ ਹੱਥਾਂ ਦੀ ਵਰਤੋਂ ਕਰਦਾ ਹੈ। ਕਾਰੀਗਰ ਆਪਣੇ ਹੱਥਾਂ ਅਤੇ ਸਿਰ ਦੋਹਾਂ ਦੀ ਵਰਤੋਂ ਕਰਦਾ ਹੈ। ਕਲਾਕਾਰ ਆਪਣੇ ਹੱਥਾਂ, ਸਿਰ ਅਤੇ ਦਿਲ ਦੀ ਵਰਤੋਂ ਕਰਦਾ ਹੈ। ਮਸੀਹੀ ਇਨਸਾਨ *ਖ਼ੁਦਾ ਲਈ* ਆਪਣੇ ਹੱਥਾਂ, ਆਪਣੇ ਸਿਰ ਆਪਣੇ ਦਿਲ ਅਤੇ ਆਪਣੇ ਜੀਵਨ ਦੀ ਵਰਤੋਂ ਕਰਦਾ ਹੈ। ਮਰਕੁਸ 12:30 ਪ੍ਰਭੂ ਨੂੰ ਪੂਰੀ ਤਰ੍ਹਾਂ ਸਮਰਪਿਤ ਆਦਮੀ ਦੀ ਤਸਵੀਰ ਹੈ।

ਬਪਤਿਸਮੇ ਵੇਲੇ ਲੋਕਾਂ ਵਿਚ ਬਹੁਤ ਵੱਡਾ ਫ਼ਰਕ ਹੁੰਦਾ ਹੈ। ਇਕ ਆਦਮੀ ਵੱਲੋਂ ਦਿੱਤੇ ਗਏ ਹੁਕਮਾਂ ਲਈ ਉਸ ਨੂੰ ਕਬੂਲ ਕਰਨਾ ਪੈਂਦਾ ਹੈ, ਪਰ ਇਨ੍ਹਾਂ ਆਇਤਾਂ ਵਿਚ ਹੁਣ ਦਰਸਾਏ ਗਏ ਪਿਆਰ ਦੀ ਡੂੰਘਿਆਈ ਨੂੰ ਸਮਝੇ ਬਿਨਾਂ ਜਿਨ੍ਹਾਂ ਦਾ ਅਸੀਂ ਅਧਿਐਨ ਕੀਤਾ, ਉਹ ਹੁਕਮ ਨੂੰ ਉਸੇ ਤਰ੍ਹਾਂ ਮੰਨਣਾ ਹੈ ਜਿਵੇਂ ਆਇਆ ਹੋਇਆ ਬਿਲ ਚੁਕਾ ਰਹੇ ਹੋ। ਇਹ ਤਾਂ ਉਸੇ ਤਰ੍ਹਾਂ ਹੀ ਹੈ ਜਿਵੇਂ ਕਾਗਜ਼ ਤੇ ਇਕ ਲਿਸਟ ਬਣੀ ਹੋਵੇ: ''ਮੇਰੇ ਲਈ ਵਿਸ਼ਵਾਸ ਕਰਨਾ, ਤੌਬਾ ਕਰਨੀ, ਇਕਰਾਰ ਕਰਨਾ ਅਤੇ ਉਸਦੇ ਬਾਅਦ ਬਪਤਿਸਮਾ ਲੈਣਾ ਜ਼ਰੂਰੀ ਹੈ।'' ਉਹ ਤਰਕਸੰਗਤ ਰੂਪ ਨਾਲ ਸਦਾ ਲਈ ਨਾਸ ਹੋਣ ਤੋਂ ਬਚਣ ਲਈ ਇਨ੍ਹਾਂ ਵਿੱਚੋਂ ਹਰ ਇਕ ਗੱਲ ਸਿਲਸਿਲੇਵਾਰ ਢੰਗ ਨਾਲ ਕਰਦਾ ਹੈ।

ਸਿਲਸਿਲੇਵਾਰ ਢੰਗ ਨਾਲ ਮੰਨੇ ਜਾਣ ਵਾਲੇ ਇਸ ਹੁਕਮ ਦੀ ਤੁਲਨਾ ਵਚਨ ਵਿਚ ਸੁਝਾਏ ਗਏ ਦਿਲ ਨਾਲ ਹੁਕਮ ਮੰਨਣ ਨਾਲ ਕਰੋ: ''ਇਕ ਹੋਰ ਆਦਮੀ *ਮਸੀਹ ਨੂੰ ਆਪਣਾ ਆਪ ਦੇਣ* ਦੇ ਇਸੇ ਸੱਦੇ ਨੂੰ ਕਬੂਲ ਕਰਦਾ ਹੈ। ਉਸਦਾ ਮਕਸਦ ਖ਼ੁਦਾ ਲਈ ਪਿਆਰ ਸੀ, ਜੋ ਉਸ ਨੂੰ ਆਪਣੇ ਪਾਪਾਂ ਤੋਂ ਤੌਬਾ ਕਰਨ, ਲੋਕਾਂ ਦੇ ਸਾਹਮਣੇ ਆਪਣੇ ਵਿਸ਼ਵਾਸ ਦਾ ਇਕਰਾਰ ਕਰਨ ਅਤੇ ਬਪਤਿਸਮਾ ਲੈਣ ਲਈ ਤਿਆਰ ਕਰਦਾ ਹੈ।'' ਉਸ ਦੇ ਹੁਕਮ ਨੂੰ ਮੰਨਣ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਦੀ ਬੰਦਿਸ਼ ਦੇ ਕਾਰਣ ਨਹੀਂ, ਬਲਕਿ ਆਪਣੇ ਪਾਪਾਂ ਨੂੰ ਖ਼ੁਦਾ ਦੇ ਸਾਮਹਣੇ ਖਾਲੀ ਕਰਨਾ ਹੈ।[12] ਉਹ ਕੁਝ ਵੀ ਪਿੱਛੇ ਨਹੀਂ ਰੱਖਦਾ; ਸਭ ਕੁਝ ਸੌਂਪ ਦਿੰਦਾ ਹੈ, ਅਤੇ ਉਹ ਬਣਨ ਦੀ ਉਸ ਖ਼ੁਦਾ ਤੋਂ ਆਸ ਕਰਦਾ ਹੈ, ਜਿਸ ਨੇ ਉਸ ਨੂੰ ਬਣਾਇਆ। *ਇਹੀ* ਯਿਸੂ ਦੀ ਇੱਛਾ ਹੈ।

ਜੇ ਤੁਸੀਂ ਬਪਤਿਸਮਾ ਨਹੀਂ ਲਿਆ ਹੈ ਜਾਂ ਤੁਸੀਂ ਖ਼ੁਦਾ ਦੇ ਭਟਕੇ ਹੋਏ ਬਾਲਕ ਹੋ, ਜਿਸ ਨੂੰ ਘਰ ਵਿਚ ਮਹੱਤਵ ਦੀ ਲੋੜ ਹੈ[13] ਤਾਂ ਮੇਰੀ ਦੁਆ ਹੈ ਕਿ ਪਿਆਰ ਭਰੇ ਦਿਲ ਵਿਚ ਨਿੱਕਲਣ ਵਾਲੀ ਆਗਿਆਕਾਰਿਤਾ ਵਿਚ ਤੁਸੀਂ ਇਹ ਜ਼ਰੂਰ ਕਹੋਗੇ।

## ਨੋਟ

ਇਸ ਸਰਮਨ ਦੇ ਬਦਲਵੇਂ ਸਿਰਲੇਖਾਂ ਵਿਚ ''ਸਭ ਤੋਂ ਵੱਡਾ ਹੁਕਮ'' ਅਤੇ ''ਅਸਲੀ ਮਸੀਹੀਅਤ ਦਾ ਧੁਰਾ'' ਹੋ ਸਕਦੇ ਹਨ।

---

ਟਿੱਪਣੀਆਂ

[1]ਇਹ ਸਰਮਨ ਬੈਟਸੈਲ ਬੈਰਟ ਬੈਕਸਟਰ, ''ਦ ਗ੍ਰੇਟੈਸਟ ਕਮਾਂਡ ਆਫ਼ ਆਲ,'' *ਇਫ਼ ਆਈ ਬੀ ਲਿਫ਼ਟਡ ਅੱਪ* (ਨੈਸ਼ਵਿੱਲੇ: ਗੌਸਪਲ ਐਡਵੋਕੇਟ ਕੰ., 1956) 9–18 ਤੇ ਅਧਾਰਿਤ ਹੈ। [2]ਇਹ ਰੂਪਕ ਮੱਤੀ 6:3 ਦੀ ਸ਼ਬਦਾਵਲੀ ਤੇ ਅਧਾਰਿਤ ਹੈ। [3]''ਸਾਰੇ'' ਸ਼ਬਦ ਨੂੰ ਇਸ ਤੇ ਜ਼ੋਰ ਦੇਣ ਲਈ ਇਟੈਲਿਕ ਕੀਤਾ ਗਿਆ ਹੈ। [4]ਆਈਜ਼ਕ ਵਾਟਸ ਦੇ ਗੀਤ ''ਵੈੱਨ ਆਈ ਸਰਵੇ ਦ ਵੰਡਰਸ ਕਰਾਸ,'' *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕ. ਅਤੇ ਸੰਪਾ. ਆਲਟਨ ਐਚ. ਹੌਵਰਡ (ਵੈਸਟ ਮੋਨਰੋ, ਲੁਇਸਿਆਨਾ: ਹੌਵਰਡ ਪਬਲਿਸ਼ਿੰਗ ਕੰ., 1994) ਦਾ ਹਿੰਦੀ ਰੂਪ। [5]ਆਪਣੇ ਇਲਾਕੇ ਦੇ ਹਿਸਾਬ ਨਾਲ ਬੁੱਧ ਦੀ ਵਰਤੋਂ ਤੇ ਉਦਾਹਰਣਾਂ ਦਿਓ। [6]ਇਹ ਹਵਾਲਾ ਜੇ. ਐਡਗਰ ਹੂਵਰ ਦਾ ਮੰਨਿਆ ਜਾਂਦਾ ਹੈ, ਜੋ ਕਈ ਸਾਲਾਂ ਤਕ ਐਫ਼ ਬੀ ਆਈ (ਅਮਰੀਕਾ ਦੀ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ) ਦੇ ਨਿਰਦੇਸ਼ਕ ਰਹੇ। ਪਹਿਲਾਂ ਇਹ ਹਵਾਲਾ ਚਰਚ ਬੁਲਿਟਨਾਂ ਵਿਚ ਆਮ ਤੌਰ ਤੇ ਮਿਲਦਾ ਸੀ। ਇਸ ਦੇ ਮੂਲ ਸਰੋਤ ਦਾ ਪਤਾ ਨਹੀਂ ਹੈ। [7]ਪ੍ਰਭੂ ਦੀ ਕਲੀਸੀਆ ਦੇ ਮੈਂਬਰ ਡੇਵਿਡ ਲਿਪਸਕੌਂਬ *ਦ ਗੌਸਪਲ ਐਡਵੋਕੇਟ* ਪ੍ਰਕਾਸ਼ਨ ਦੇ ਮੁੱਢਲੇ ਸੰਪਾਦਕਾਂ ਵਿੱਚੋਂ ਸੀ। ਨੈਸ਼ਵਿੱਲੇ, ਟੈਨਿਸੀ ਰਾਜ ਦੀ ਡੇਵਿਡ ਲਿਪਸਕੌਂਬ ਯੂਨੀਵਰਸਿਟੀ ਉਨ੍ਹਾਂ ਦੇ ਨਾਂਅ ਤੇ ਹੈ। [8]ਬੈਕਸਟਰ, 15. [9]''P'' ਅਵਾਜ਼ ਨਹੀਂ ਦਿੰਦਾ। ਇਸ ਨੂੰ ਸਾਇਕੀ ਪੜ੍ਹਿਆ ਜਾਂਦਾ ਹੈ। [10]''Psyche'' ਨੂੰ ਕਿਸੇ ਵਿਅਕਤੀ ਲਈ ਵੀ ਵਰਤਿਆ ਜਾ ਸਕਦਾ ਹੈ (''ਜਣੇ''; ਰਸੂਲਾਂ ਦੇ ਕੰਮ 2:41. *[*ਅੰਗ੍ਰੇਜ਼ੀ ਬਾਈਬਲ ਵਿਚ ਇੱਥੇ ''souls'' ਹੈ, ਜਿਸ ਦਾ ਅਨੁਵਾਦ ਪੰਜਾਬੀ ਬਾਈਬਲ ਵਿਚ ਕਈ ਥਾਂਵਾਂ ਤੇ ਪ੍ਰਾਣ ਹੋਇਆ ਹੈ– ਅਨੁਵਾਦਕ*]*)। ਹੋਰ ਕਈ ਪਰਿਭਾਸ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਸਮਝਣ ਲਈ ਇਨਾਂ ਹੀ ਕਾਫ਼ੀ ਹੈ।

[11]ਏਵਲ ਮੇਲੋਨ, ''ਦ ਕਰੈਕਟਰਿਸਟਿਕਸ ਆਫ਼ ਏ ਗੁਡ ਸਟਿਵਰਡ,'' *ਦ ਪ੍ਰੀਚਰ'ਜ਼ ਪੀਰਿਓਡੀਕਲ* (ਜੁਲਾਈ 1983): 11 ਵਿਚ ਦੁਹਰਾਇਆ ਗਿਆ। [12]ਕਿਸੇ ਵਕਤ ਤੁਹਾਨੂੰ ਇਹੋ ਜਿਹੀਆਂ ਆਇਤਾਂ ਦੇਣੀਆਂ ਪੈ ਸਕਦੀਆਂ ਹਨ, ਜਿਨ੍ਹਾਂ ਵਿਚ ਵਿਸ਼ਵਾਸ, ਤੌਬਾ, ਇਕਰਾਰ ਅਤੇ ਬਪਤਿਸਮੇ ਦਾ ਹੁਕਮ ਹੋਵੇ (ਮਰਕੁਸ 16:16; ਰਸੂਲਾਂ ਦੇ ਕੰਮ 2:39; ਰੋਮੀਆਂ 10:9, 10)। [13]ਪ੍ਰਭੂ ਕੋਲ ਮੁੜ ਆਉਣ ਦੇ ਬਾਅਦ ਇਹ ਹਵਾਲੇ ਦਿੱਤੇ ਜਾ ਸਕਦੇ ਹਨ (ਰਸੂਲਾਂ ਦੇ ਕੰਮ 8:22; ਯਾਕੂਬ 5:16)।